ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ

ਵੱਲ

ਸਮੂਹ ਬੀ.ਐਨ.ਓ ਸਾਹਿਬਾਨ,

ਸਬੰਧਤ ਸਕੂਲ ਪ੍ਰਿੰਸੀਪਲ/ਹੈਡਮਾਸਟਰ/ ਇੰਚਾਰਜ

ਬਠਿੰਡਾ

ਪੱਤਰ ਨੰ ਜੀ-5/1( )/2023/ 1076 ਮਿਤੀ 25-05-2023

ਵਿਸ਼ਾ:- ਪ੍ਰੀਮੈਟ੍ਰਿਕ ਸਕਾਲਰਸ਼ਿਪ ਐਸ.ਸੀ ਐਡ ਅਦਰਜ਼ ਸਕੀਮ ਅਧੀਨ ਸਾਲ 2022-23 ਦੇ ਯੋਗ ਲਾਭ ਪਾਤਰੀਆ ਦੇ ਅਧਾਰ ਕਾਰਡ ਸੀਡਡ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਅਨੁਸਾਰ ਸਮੂਹ ਬੀ.ਐਨ.ਓ ਨੂੰ ਲਿਖਿਆ ਜਾਦਾ ਹੈ ਕਿ ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਵਿਭਾਗ ਵੱਲੋਂ ਆਧਾਰ ਕਾਰਡ ਬੈਂਕ ਅਕਾਂਊਂਟ ਨਾਲ ਸੀਡ ਕਰਵਾਉਣ ਲਈ ਪਹਿਲਾਂ ਵੀ ਪੱਤਰ ਜਾਰੀ ਕੀਤਾ ਗਿਆ ਸੀ ਅਤੇ ਇਸ ਦਫਤਰ ਵੱਲੋਂ ਵੀ ਇਹ ਕੰਮ ਨੇਪਰੇ ਚਾੜਨ ਲਈ ਇਸ ਜ਼ਿਲੇ ਦੇ ਬੀ.ਐਨ.ਓ ਦੀ ਡਿਊਟੀ ਲਗਾਈ ਗਈ ਸੀ।ਬੀ.ਐਨ.ਓ ਵੱਲੋਂ ਵੀ ਇਹ ਕੰਮ 80 ਪ੍ਰਤੀਸ਼ਤ ਪੂਰਾ ਕਰ ਲਿਆ ਗਿਆ ਸੀ, ਪ੍ਰੰਤੂ ਅੱਜ ਵਿਭਾਗ ਵੱਲੋ ਸਬੰਧਤ ਡਾਟਾ ਦੁਬਾਰਾ ਚੈੱਕ ਕਰਵਾਇਆ ਗਿਆ ਹੈ ਅਤੇ ਨਾਲ ਨੱਥੀ ਲਿਸਟ ਵਿਚ ਬਠਿੰਡਾ ਜਿਲ੍ਹੇ ਦੇ 1544 ਵਿਦਿਆਰਥੀ ਅਜਿਹੇ ਹਨ ਜਿਨ੍ਹਾ ਦੇ ਬੈਂਕ ਖਾਤੇ ਅਧਾਰ ਕਾਰਡ ਨਾਲ ਸੀਡਡ ਨਹੀ ਹਨ , ਇਸ ਤੋ ਇਲਾਵਾ 7 ਵਿਦਿਆਰਥੀਆ ਦੇ ਅਧਾਰ ਕਾਰਡ UIDAI ਵੱਲੋ ਕੈਂਸਲ ਕੀਤੇ ਗਏ ਹਨ ਅਤੇ 90 ਵਿਦਿਆਰਥੀਆ ਦੇ ਬੈਂਕ ਖਾਤੇ Inactive ਹਨ। ਸੋ ਬਠਿੰਡਾ ਜਿਲ੍ਹੇ ਦੇ ਕੁੱਲ 1641 ਵਿਦਿਆਰਥੀਆਂ ਦਾ ਡਾਟਾ ਅਪਡੇਟ ਕਰਨ ਲਈ ਪੈਂਡਿੰਗ ਹੈ। ਇਸ ਸਬੰਧੀ ਮਾਨਯੋਗ ਡੀ.ਜੀ.ਐਸ.ਈ. ਵੱਲੋ ਗੰਭੀਰ ਨੋਟਿਸ ਲਿਆ ਗਿਆ ਹੈ ਕਿਉਕਿ ਸਾਲ 2022-23 ਦੇ ਵਿਦਿਆਰਥੀਆ ਦੀ ਅਦਾਇਗੀ ਅਧਾਰ ਬੇਸਡ ਹੋਣੀ ਹੈ ਜੇਕਰ ਬੈਂਕ ਖਾਤੇ ਅਧਾਰ ਨਾਲ ਸੀਡਡ ਨਹੀ ਹੋਏ ਅਤੇ ਵਿਦਿਆਰਥੀਆ ਨੂੰ ਅਦਾਇਗੀ ਨਾ ਹੋਈ ਤਾਂ ਮਾਨਯੋਗ ਡੀ.ਜੀ.ਐਸ.ਈ. ਵੱਲੋ ਕਾਰਨ ਦਸੋ ਨੋਟਿਸ ਜਾਰੀ ਕੀਤੇ ਜਾਣਗੇ।

ਸੋ ਇਸ ਕੰਮ ਨੂੰ ਪੂਰਾ ਕਰਨ ਲਈ ਸਮੂਹ ਬੀ.ਐਨ.ਓ ਸਾਹਿਬਾਨ ਦੀ ਡਿਊਟੀ ਲਗਾਈ ਜਾਦੀ ਹੈ ਕਿ ਉਹਨਾ ਅਧੀਨ ਆਉਦੇ ਨਾਲ ਨੱਥੀ ਲਿਸਟ ਵਿਚ ਦਰਜ ਸਕੂਲਾਂ ਵੱਲੋ ਆਪਣੇ ਸਕੂਲ ਦੇ ਵਿਦਿਆਰਥੀਆਂ ਦੇ ਬੈਂਕ ਅਕਾਉਟ ਅਧਾਰ ਨਾਲ ਸੀਡ ਕਰਵਾਉਣ, ਕੈਂਸਲ ਹੋਏ ਅਧਾਰ ਕਾਰਡ ਨੂੰ ਸਹੀ ਕਰਵਾਉਣ ਅਤੇ ਜਿਹੜੇ ਵਿਦਿਆਰਥੀਆਂ ਦੇ ਬੈਂਕ ਖਾਤੇ Inactive ਹਨ ਉਹ ਵੀ Active ਕਰਵਾਉਣ। ਪ੍ਰੀ ਮੈਟ੍ਰਿਕ ਐਸ.ਸੀ ਐਡ ਅਦਰਜ਼ ਸਾਲ 2022-23 ਦਾ ਉਪਰੋਕਤ ਪੈਂਡਿੰਗ ਕੰਮ ਪੂਰਾ ਹੋਣ ਤੇ ਸਮੂਹ ਬੀ.ਐਨ.ਓ ਇਸ ਦਫਤਰ ਨੂੰ ਹੇਠਾ ਦਿੱਤਾ ਸਰਟੀਫਿਕੇਟ ਦੇਣਗੇ।ਇਹ ਸਰਟੀਫਿਕੇਟ ਜੂਨ ਦੀਆਂ ਛੁੱਟੀਆਂ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਇਸ ਦਫਤਰ ਦੀ ਈ.ਮੇਲ ਆਈ **scholarshipmamta21@gmail.com** ਤੇ ਭੇਜਣਾ ਯਕੀਨੀ ਬਣਾਉਣਗੇ। ਜੇਕਰ ਉਪਰੋਕਤ ਕੰਮ ਮਿਥੇ ਸਮੇ ਤੇ ਨਹੀ ਹੁੰਦਾ ਅਤੇ ਕੋਈ ਵੀ ਵਿਦਿਆਰਥੀ ਵਜੀਫੇ ਦੀ ਰਾਸ਼ੀ ਤੋ ਵਾਝਾ ਰਹਿ ਜਾਦਾ ਹੈ ਤਾ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਬੀ.ਐਨ.ਓ ਦੀ ਹੋਵੇਗੀ।

ਨਾਲ ਨੱਥੀ
1) ਲਾਂਕਸ਼ਨ ਲੈਟਰ -

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ
25/5/23

Scanned by CamScanner

ਸਰਟੀਫਿਕੇਟ

ਤਸਦੀਕ ਕੀਤਾ ਜਾਦਾ ਹੈ ਕਿ ਮੈ..... ਬੀ.ਐਨ.ਓ ਬਲਾਕ ..... ਨੇ ਆਪਣੇ ਅਧੀਨ ਆਉਂਦੇ ਨਾਲ ਨੱਥੀ ਲਿਸਟ ਵਿਚ ਦਰਜ ਸਕੂਲਾਂ ਦੇ ਵਿਦਿਆਰਥੀਆਂ ਦੇ ਬੈਂਕ ਖਾਤੇ ਅਧਾਰ ਕਾਰਡ ਨਾਲ ਸੀਡਡ ਕਰਵਾ ਦਿਤੇ ਗਏ ਹਨ ਅਤੇ ਜਿਹੜੇ ਵਿਦਿਆਰਥੀਆਂ ਦੇ ਅਧਾਰ ਕਾਰਡ UIDAI ਵੱਲੋ ਕੈਂਸਲ ਕੀਤੇ ਗਏ ਸਨ ਉਹ ਵੀ ਸਹੀ ਕਰਵਾ ਲਏ ਗਏ ਹਨ ਅਤੇ ਜਿਹੜੇ ਵਿਦਿਆਰਥੀਆਂ ਦੇ ਬੈਂਕ ਖਾਤੇ Inactive ਸਨ ਉਹ ਵੀ Active ਕਰਵਾ ਲਏ ਗਏ ਹਨ।

ਬੀ.ਐਨ.ਓ ਦੇ ਹਸਤਾਖਰ

ਸਕੂਲ ਦਾ ਨਾਮ.....

ਮਿਤੀ .....

Scanned by CamScanner